# ਐਸ ਐਮ ਏ ਐਮ ਅਧੀਨ ਸਵੈ-ਚਾਲਿਤ ਬਾਗਬਾਨੀ ਮਸ਼ੀਨਾਂ ਦੀ ਖ਼ਰੀਦ ਉੱਤੇ ਸਬਸਿਡੀ ਸੁਲੱਭ

ਬਾਗਬਾਨੀ ਮਸ਼ੀਨੀਕਰਨ ਨੂੰ ਹੁਲਾਰਾ ਦੇਣ ਲਈ, ਭਾਰਤ ਸਰਕਾਰ ਆਪਣੇ ਖੇਤੀ ਮਸ਼ੀਨੀਕਰਨ ਸਬ-ਮਿਸ਼ਨ (ਐਸ ਐਮ ਏ ਐਮ) ਅਧੀਨ ਸਵੈ-ਚਾਲਿਤ ਬਾਗਬਾਨੀ ਮਸ਼ੀਨਾਂ ਦੀ ਖ਼ਰੀਦ ਲਈ ਯੋਗ ਲਾਭਪਾਤਰੀਆਂ ਨੂੰ ਸਬਸਿਡੀ ਪ੍ਰਦਾਨ ਕਰ ਰਹੀ ਹੈ।

ਇਸਦੇ ਲਈ ਭਾਰਤ ਸਰਕਾਰ ਦਾ ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਆਪਣੇ ਮਸ਼ੀਨੀਕਰਨ ਅਤੇ ਤਕਨਾਲੋਜੀ ਡਿਵੀਜ਼ਨ ਦੇ ਜ਼ਰੀਏ ਸਿੱਧਾ ਲਾਭ ਤਬਾਦਲਾ (ਡੀ ਬੀ ਟੀ) ਰਾਹੀਂ ਸਬਸਿਡੀ ਦੇ ਰਿਹਾ ਹੈ।

ਸਕੀਮ ਦੇ ਤਹਿਤ, ਲਾਭਪਾਤਰੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ ਪ੍ਰਤੀ ਮਸ਼ੀਨ ਕੁੱਲ ਲਾਗਤ ਦੇ 40-50% ਤੱਕ ਦੇ ਦਰਮਿਆਨ ਸਬਸਿਡੀ ਦਿੱਤੀ ਜਾਂਦੀ ਹੈ।

ਔਰਤਾਂ, ਛੋਟੇ ਅਤੇ ਸੀਮਾਂਤ ਕਿਸਾਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਉੱਤਰ-ਪੂਰਬੀ ਰਾਜਾਂ ਨਾਲ ਸਬੰਧਤ ਲੋਕਾਂ ਨੂੰ ਮਸ਼ੀਨ ਦੀ ਕੁੱਲ ਲਾਗਤ ਦੇ 50% ਤੱਕ ਸਬਸਿਡੀ ਦਿੱਤੀ ਜਾਂਦੀ ਹੈ। ਹੋਰ ਲਾਭਪਾਤਰੀਆਂ ਲਈ, ਸਬਸਿਡੀ ਕੁੱਲ ਲਾਗਤ ਦੇ 40% ਤੱਕ ਹੈ।

**ਬਾਗਬਾਨੀ ਦੀਆਂ ਸਵੈ-ਚਾਲਿਤ ਮਸ਼ੀਨਾਂ ਲਈ ਐਸ ਐਮ ਏ ਐਮ ਯੋਜਨਾ ਦੇ ਤਹਿਤ ਲਾਗਤ ਦੇ ਨਿਯਮ ਅਤੇ ਵਿੱਤੀ ਸਹਾਇਤਾ ਦੀ ਸ਼ੈਲੀ**

| **ਬਾਗਬਾਨੀ ਦੀ ਸਵੈ-ਚਾਲਿਤ ਮਸ਼ੀਨ** | **ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਛੋਟੇ ਅਤੇ ਸੀਮਾਂਤ ਕਿਸਾਨਾਂ, ਔਰਤਾਂ ਅਤੇ ਉੱਤਰ-ਪੂਰਬੀ ਰਾਜਾਂ ਦੇ ਲਾਭਪਾਤਰੀਆਂ ਲਈ** | | **ਹੋਰ ਲਾਭਪਾਤਰੀਆਂ ਲਈ** | |
|---|---|---|---|---|
| | **ਪ੍ਰਤੀ ਲਾਭਪਾਤਰੀ ਵੱਧ ਤੋਂ ਵੱਧ ਮੰਜ਼ੂਰਸ਼ੁਦਾ ਸਬਸਿਡੀ** | **ਸਹਾਇਤਾ ਦੀ ਸ਼ੈਲੀ** | **ਪ੍ਰਤੀ ਲਾਭਪਾਤਰੀ ਵੱਧ ਤੋਂ ਵੱਧ ਮੰਜ਼ੂਰਸ਼ੁਦਾ ਸਬਸਿਡੀ** | **ਸਹਾਇਤਾ ਦੀ ਸ਼ੈਲੀ** |
| ਟ੍ਰੈਕ ਟਰਾਲੀ | 2 ਲੱਖ ਰੁਪਏ | 50% | 1.60 ਲੱਖ ਰੁਪਏ | 40% |
| ਨਰਸਰੀ ਮੀਡੀਆ ਫਿਲਿੰਗ ਮਸ਼ੀਨ | 2 ਲੱਖ ਰੁਪਏ | | 1.60 ਲੱਖ ਰੁਪਏ | |
| ਮਲਟੀਪਰਪਜ਼ ਹਾਈਡ੍ਰੌਲਿਕ ਸਿਸਟਮ | 2 ਲੱਖ ਰੁਪਏ | | 1.60 ਲੱਖ ਰੁਪਏ | |
| ਕਾਂਟ-ਛਾਂਟ, ਬਡਿੰਗ, ਗਰੇਟਿੰਗ, ਕਟਾਈ ਆਦਿ ਲਈ ਪਾਵਰ-ਸੰਚਾਲਿਤ ਬਾਗਬਾਨੀ ਸੰਦ। | 50,000 ਰੁਪਏ | | 40,000 ਰੁਪਏ | |